BCM SCHOOL BASANT AVENUE DUGRI LUDHIANA

ASSIGNMENT CLASS VIII Punjabi

1.ਹੇਠ ਦਿੱਤੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣੋ-

ਬੱਚਾ ਆਪਣੀ ਮਾਂ ਜਾਂ ਘਰ-ਪਰਿਵਾਰ ਤੋਂ ਹੀ ਮਾਂ-ਬੋਲੀ ਜਾਂ ਮਾਤ-ਭਾਸ਼ਾ ਸਿੱਖਦਾ ਹੈ। ਅਸੀਂ ਆਪਣੀ ਮਾਤ- ਭਾਸ਼ਾ ਵਿੱਚ ਹੀ ਆਪਣੇ ਵਿਚਾਰਾਂ ਨੂੰ ਸਫਲਤਾ ਨਾਲ ਪ੍ਰਗਟਾ ਸਕਦੇ ਹਾਂ। ਗਿਆਨ ਦੀ ਪ੍ਰਾਪਤੀ ਸਾਨੂੰ ਵਧੇਰੇ ਕਰਕੇ ਆਪਣੀ ਮਾਤ-ਭਾਸ਼ਾ ਰਾਹੀਂ ਹੀ ਹੁੰਦੀ ਹੈ। ਪੰਜਾਬੀ ਪੰਜਾਬੀਆਂ ਦੀ ਮਾਤ-ਭਾਸ਼ਾ ਹੈ। ਪੰਜਾਬੀ ਜਿੱਥੇ ਵੀ ਜਾਂਦੇ ਹਨ ਉਹਨਾਂ ਦੀ ਮਾਤ-ਭਾਸ਼ਾ ਉਹਨਾਂ ਦੇ ਨਾਲ ਹੀ ਜਾਂਦੀ ਹੈ।

ਪ੍ਰਸ਼ਨ :(ੳ) ਬੱਚਾ ਮਾਂ-ਬੋਲੀ ਕਿੱਥੋਂ ਸਿੱਖਦਾ ਹੈ ? :

1.ਬਾਪ ਤੋਂ. 2.ਗੁਆਂਢੀਆਂ ਤੋਂ. 3.ਮਾਂ ਜਾਂ ਘਰ-ਪਰਿਵਾਰ ਤੋਂ. 4.ਲੋਕਾਂ ਤੋਂ

ਉੱਤਰ –(3) ਮਾਂ ਜਾਂ ਘਰ ਪਰਿਵਾਰ ਤੋਂ

(ਅ) ਅਸੀਂ ਆਪਣੇ ਵਿਚਾਰਾਂ ਨੂੰ ਸਫਲਤਾ ਨਾਲ ਕਿਸ ਭਾਸ਼ਾ ਵਿੱਚ ਪ੍ਰਗਟਾ ਸਕਦੇ ਹਾਂ ? :

1.ਰਾਸ਼ਟਰੀ ਭਾਸ਼ਾ ਵਿੱਚ. 2.ਅੰਗਰੇਜ਼ੀ ਵਿੱਚ. 3.ਪੰਜਾਬੀ ਵਿੱਚ 4. ਮਾਤ ਭਾਸ਼ਾ ਵਿੱਚ

ਉੱਤਰ-(4) ਮਾਤ ਭਾਸ਼ਾ ਵਿੱਚ

(ੲ) ਇਸ ਪੈਰੇ ਦਾ ਸਿਰਲੇਖ ਲਿਖੋ।

1.ਮਾਤ-ਭਾਸ਼ਾ. 2.ਰਾਜ ਭਾਸ਼ਾ. 3. ਪੰਜਾਬੀ 4. ਅੰਗਰੇਜੀ

ਉੱਤਰ-(1) .ਮਾਤ-ਭਾਸ਼ਾ

ਪ੍ਰਸ਼ਨ2.- ਹੇਠ ਲਿਖੀ ਕਾਵਿ ਟੁਕੜੀ ਦੇ ਪ੍ਰਸ਼ਨਾਂ ਉੱਤਰ ਦਿਓ-

ਜੇ ਕੁਝ ਲੋਚੇ ਮਨ ਵਿੱਚ ਸੱਜਣਾ, ਉੱਦਮ ਕਰੀ ਜਰੂਰ।

ਬਿਨ ਉਦਮ ਹੱਥ ਸੱਖਣੇ ਰਹਿਸਣ, ਉੱਦਮ ਥੀ ਭਰਪੂਰ।

ਜੇ ਚਾਹੇ ਪੁੱਜਣਾ ਮੰਜ਼ਿਲ 'ਤੇ, ਵਗੀ ਜਿਵੇਂ ਦਰਿਆ।

ਤੋਰ -ਨਿਰੰਤਰ ਨਾ ਜਿੰਦਗੀ ਦਾ, ਮੌਤ ਕਦਮ ਰੁਕਿਆ।

ਪ੍ਰਸ਼ਨ- ਕਿਸ ਤੋਂ ਬਿਨਾਂ ਹੱਥ ਖਾਲੀ ਰਹਿਣਗੇ?

ਉੱਤਰ -ਮਿਹਨਤ ਜਾਂ ਉਦਮ ਤੋਂ ਬਿਨਾਂ ਹੱਥ ਸੱਖਣੇ ਰਹਿਣਗੇ।

ਪ੍ਰਸ਼ਨ- ਮਨ ਵਿੱਚ ਕੁਝ ਚਾਹੁਣ ‘ਤੇ ਕਵੀ ਸਾਨੂੰ ਕੀ ਕਰਨ ਲਈ ਕਹਿੰਦਾ ਹੈ?

ਉੱਤਰ- ਉੱਦਮ ਕਰਨ ਲਈ

3.ਵਿਅਕਰਨ

1.**ਜਿਆਦਾ** ਦਾ ਵਿਰੋਧੀ ਸ਼ਬਦ ਚੁਣੋ?

1. ਕਾਫੀ 2. ਘੱਟ 3. ਬਹੁਤ 4. ਚੋਖਾ

ਉੱਤਰ- 2. ਘੱਟ

2.ਵਿਸ਼ਰਾਮ ਚਿੰਨ----- ਹਨ

ਉੱਤਰ- 13

3. ‘ਹਮ’ ਅਗੇਤਰ ਲੱਗਿਆ ਸਹੀ ਸ਼ਬਦ ਚੁਣੋ?

1. ਹਮਸਫਰ 2.ਹਮਲਾ 3.ਹਮੇਸ਼ਾ 4.ਹਮਕ

ਉੱਤਰ- 1. ਹਮਸਫਰ

4. ‘ਹੱਸਣਾ’ ਦਾ ਵਿਸ਼ੇਸ਼ਣ ਚੁਣੋ?

1. ਹਾਸਾ 2.ਹੱਸਦਾ 3.ਹੱਸਮੁਖ 4.ਹੱਸਦੇ

ਉੱਤਰ- 3.ਹੱਸਮੁਖ

5. ਸ਼ਬਦ ਦੀ ਪਰਿਭਾਸ਼ਾ ਦਿਓ?

ਉੱਤਰ- ਸ਼ਬਦ ਅੱਖਰਾਂ, ਲਗਾ, ਲਗਾਖਰਾਂ ਦੇ ਸੁਮੇਲ ਤੋਂ ਬਣਦੇ ਹਨ।

4.ਪਾਠ ਪੁਸਤਕ ਪ੍ਰਸ਼ਨ ਉੱਤਰ

According to the pattern

5.ਵੱਡੇ ਪ੍ਰਸ਼ਨ ਉੱਤਰ

According to the pattern

6.ਪ੍ਰਸ਼ਨ-ਸ਼ਬਦ ਅਰਥ- ਮੋਹਰੇ, ਡੰਗ ਮਾਰਦੇ

ਉੱਤਰ- ਅੱਗੇ, ਤੰਗ ਕਰਦੇ

ਪੈਰਾਂ ਰਚਨਾ/ ਪੱਤਰ-according to the pattern